ਰੀਟੇਲ ਵਰਕਰ

## ਦੁਰਘਟਨਾ ਬਿਰਤਾਂਤ

# ਇਸ ਪਰਿਵਾਰਕ ਗੈਸ ਸਟੇਸ਼ਨ ਦੀ ਡਕੈਤੀ ਵਿੱਚ ਕਲਰਕ ਨੂੰ ਗੋਲੀ ਵੱਜੀ

## ਘਟਨਾ ਦੇ ਤੱਥ

**ਰਿਪੋਰਟ #:** 71-250-2024s-PU

**ਰਿਪੋਰਟ ਦੀ ਮਿਤੀ:** 5 ਫਰਵਰੀ, 2024

**ਘਟਨਾ ਦੀ ਮਿਤੀ:** 3 ਮਈ, 2023

**ਵਰਕਰ:** 30 ਸਾਲ

**ਉਦਯੋਗ:** ਸੁਵਿਧਾ ਸਟੋਰ ਦੇ ਨਾਲ ਗੈਸੋਲੀਨ ਸਟੇਸ਼ਨ

**ਪੇਸ਼ਾ:** ਗੈਸ ਸਟੇਸ਼ਨ ਕਲਰਕ

**ਸੀਨ:** ਗੈਸ ਸਟੇਸ਼ਨ ਸੁਵਿਧਾ ਸਟੋਰ

**ਘਟਨਾ ਦੀ ਕਿਸਮ:** ਕਤਲ / ਹਥਿਆਰਬੰਦ ਡਕੈਤੀ




WASHINGTON State FACE Program
Fatality Assessment & Control Evaluation
SHARP Safety & Health Assessment & Research for Prevention
Washington State Department of Labor & Industries

# ਦੁਰਘਟਨਾ ਬਿਰਤਾਂਤ

ਗੈਸ ਸਟੇਸ਼ਨ ਦੇ ਇੱਕ 30 ਸਾਲਾ ਕਲਰਕ ਦੀ ਡਕੈਤੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਆਪਣੇ ਚਾਚਾ-ਚਾਚੀ ਨਾਲ ਕੰਮ ਕਰਦਾ ਸੀ ਜਿਨ੍ਹਾਂ ਕੋਲ ਤਿੰਨ ਸਾਲਾਂ ਤੋਂ ਇਹ ਗੈਸ ਸਟੇਸ਼ਨ ਸੀ। ਕਲਰਕ ਪਿਛਲੇ ਸਾਲ ਇਹ ਸਿੱਖਣ ਲਈ ਸੰਯੁਕਤ ਰਾਜ ਵਿੱਚ ਚਲਿਆ ਗਿਆ ਕਿ ਆਪਣਾ ਖੁਦ ਦਾ ਕਾਰੋਬਾਰ ਕਿਵੇਂ ਚਲਾਉਣਾ ਹੈ। ਉਸਦੇ ਚਾਚਾ-ਚਾਚੀ ਨੇ ਉਸਨੂੰ ਕਮਰਾ, ਖਾਣ-ਪੀਣ ਅਤੇ ਆਉਣ-ਜਾਣ ਦੀ ਸੁਵਿਧਾ ਦਿੱਤੀ।

ਇਹ ਗੈਸ ਸਟੇਸ਼ਨ ਇੱਕ ਅੰਤਰਰਾਜੀ ਮਾਰਗ ਦੇ ਕੋਲ ਇੱਕ ਪੇਂਡੂ ਇਲਾਕੇ ਵਿੱਚ ਪੈਂਦਾ ਸੀ। ਇਹ ਰੋਜ਼ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹਾ ਰਹਿੰਦਾ ਸੀ।

# ਦੁਰਘਟਨਾ ਬਿਰਤਾਂਤ

ਦੁਰਘਟਨਾ ਵਾਲੇ ਦਿਨ, ਕਲਰਕ ਆਪਣੇ ਚਾਚੇ ਨਾਲ ਕੰਮ ਕਰ ਰਿਹਾ ਸੀ। ਸ਼ਾਮ 4 ਵਜੇ, ਉਸਦਾ ਚਾਚਾ ਕੁੱਝ ਕੰਮ ਨਿਪਟਾਉਣ ਲਈ ਚਲਿਆ ਗਿਆ। ਵਾਪਸ ਮੁੜਨ ਤੋਂ ਤੁਰੰਤ ਬਾਅਦ, ਉਸਨੂੰ ਦੁਬਾਰਾ ਜਾਣ ਦੀ ਕਾਲ ਆਈ, ਇਸ ਕਰਕੇ ਬਾਅਦ ਵਿੱਚ ਉਸਨੇ ਕਲਰਕ ਨੂੰ ਘਰ ਛੱਡਣ ਲਈ ਨਾਲ ਲਿਆਉਣ ਦੀ ਯੋਜਨਾ ਬਣਾਈ। ਹੁਣ ਕਲਰਕ ਨੇ ਇਕੱਲਿਆਂ ਹੀ ਗਾਹਕਾਂ ਨੂੰ ਸੰਭਾਲਣਾ ਸੀ, ਇਕੱਲੇ ਹੀ ਸਟੇਸ਼ਨ ਨੂੰ ਬੰਦ ਕਰਕੇ ਅਗਲੇ ਦਿਨ ਦੀ ਤਿਆਰੀ ਕਰਨੀ ਸੀ। ਸਟੋਰ ਦੀ ਤਿਜੋਰੀ ਦੀ ਚਾਬੀ ਵੀ ਉਸਦੇ ਕੋਲ ਹੀ ਸੀ ਜਿਸ ਵਿੱਚ ਸਟੇਸ਼ਨ ਦੇ ਬੰਦ ਹੋਣ ਤੱਕ ਨਕਦ ਰੱਖਿਆ ਜਾਂਦਾ ਸੀ। ਉਸਨੇ ਪਹਿਲਾਂ ਵੀ ਕਈ ਵਾਰ ਇਕੱਲਿਆਂ ਕੰਮ ਕੀਤਾ ਸੀ ਜਦੋਂ ਉਸਦਾ ਚਾਚਾ ਕੋਈ ਸਮਾਨ ਲੈਣ ਚਲਾ ਜਾਂਦਾ ਸੀ।

WASHINGTON State FACE Program
Fatality Assessment & Control Evaluation

# ਦੁਰਘਟਨਾ ਬਿਰਤਾਂਤ

FACE

ਕਲਰਕ ਰਾਤ 8:45 ਵਜੇ ਸੈਲਫਾਂ ਉੱਤੇ ਕੋਈ ਸਮਾਨ ਲਗਾ ਰਿਹਾ ਸੀ, ਜਦੋਂ ਮਾਸਕ ਅਤੇ ਦਸਤਾਨੇ ਪਹਿਨੇ ਹੋਏ ਦੋ ਆਦਮੀ ਸਟੋਰ ਦੇ ਮੂਹਰਲੇ ਦਰਵਾਜ਼ੇ ਤੋਂ ਅੰਦਰ ਵੜੇ। ਇੱਕ ਦੇ ਹੱਥ ਵਿੱਚ ਲੰਬੀ ਅਸਲੇ ਵਾਲੀ ਬੰਦੂਕ ਸੀ ਅਤੇ ਦੂਜੇ ਦੇ ਹੱਥ ਵਿੱਚ ਇੱਕ ਬੈਗ ਅਤੇ ਫਲੈਕਸ ਵਾਲੀ ਹਥਕੜੀ ਸੀ। ਬੰਦੂਕ ਵਾਲੇ ਆਦਮੀ ਨੇ ਬੰਦੂਕ ਕਲਰਕ ਵੱਲ ਕੀਤੀ ਜੋ ਕਿ ਨਕਦੀ ਰਜਿਸਟਰ ਵੱਲ ਜਾ ਰਿਹਾ ਸੀ। ਕਲਰਕ ਨੇ ਆਪਣੀ ਪਿੱਠ ਬੰਦੂਕ ਵਾਲੇ ਆਦਮੀ ਵੱਲ ਕਰ ਲਈ ਅਤੇ ਦੋਵੇਂ ਬੰਦੂਕ ਨੂੰ ਲੈ ਕੇ ਹੱਥਪਾਈ ਕਰਨ ਲੱਗੇ। ਹਮਲਾਵਰਾਂ ਦੇ ਪਿੱਕ-ਅੱਪ ਟਰੱਕ ਵਿੱਚ ਭੱਜ ਕੇ ਚੜ੍ਹਨ ਤੋਂ ਪਹਿਲਾਂ ਇੱਕ ਹੋਰ ਆਦਮੀ ਵੀ ਹਾਥਾਪਾਈ ਕਰਨ ਲੱਗਾ। ਰਾਹ ਜਾਂਦੇ ਇੱਕ ਆਦਮੀ ਨੇ ਲੋਕਾਂ ਨੂੰ ਭੱਜਦੇ ਵੇਖਿਆ ਅਤੇ 911 ਨੂੰ ਕਾਲ ਕੀਤੀ। ਪਹਿਲੇ ਉਤਰਦਾਤਾ ਨੇ ਪਾਇਆ ਕਿ ਕਲਰਕ ਛਾਤੀ 'ਤੇ ਬੰਦੂਕ ਦੀ ਇੱਕ ਗੋਲੀ ਲੱਗਣ ਕਰਕੇ ਮ੍ਰਿਤ ਪਿਆ ਸੀ। ਅੰਦਰੂਨੀ ਅਤੇ ਬਾਹਰੀ ਨਿਗਰਾਨੀ ਕੈਮਰਿਆਂ ਵਿੱਚ ਸਾਰੀ ਘਟਨਾ ਰਿਕਾਰਡ ਹੋ ਗਈ। ਪੁਲਿਸ ਨੇ ਅਗਲੀ ਸਵੇਰ ਦੋ ਘੰਟੇ ਦੀ ਦੂਰੀ 'ਤੇ ਦੋਵੇਂ ਹਮਲਾਵਰਾਂ ਅਤੇ ਇੱਕ ਤੀਜੇ ਸਾਥੀ ਨੂੰ ਫੜ੍ਹ ਲਿਆ।



SHARP Safety & Health Assessment & Research for Prevention

Washington State Department of Labor & Industries

# ਦੁਰਘਟਨਾ ਬਿਰਤਾਂਤ

ਇਸ ਘਟਨਾ ਤੋਂ ਬਾਅਦ, ਜਾਂਚ ਕਰਨ ਤੋਂ ਬਾਅਦ ਪਾਇਆ ਗਿਆ:

- ਮਾਲਕ ਕੋਲ ਦੁਰਘਟਨਾ ਰੋਕਥਾਮ ਪ੍ਰੋਗਰਾਮ (APP) ਜਾਂ ਅਲੱਗ ਤੋਂ ਕਾਰਜਸਥਾਨ ਦੁਰਘਟਨਾ ਰੋਕਥਾਮ ਪ੍ਰੋਗਰਾਮ ਨੀਤੀਆਂ ਜਾਂ ਸਿਖਲਾਈ ਨਹੀਂ ਸੀ।
- ਮਾਲਕ ਨੇ ਡਕੈਤੀ ਦੀਆਂ ਸਾਰੀਆਂ ਘਟਨਾਵਾਂ ਬਾਰੇ ਕਲਰਕ ਨਾਲ ਚਰਚਾ ਕੀਤੀ ਸੀ ਅਤੇ ਉਸਨੂੰ ਲੁਟੇਰਿਆਂ ਦਾ ਮੁਕਾਬਲਾ ਕਰਨ ਬਾਰੇ ਦੱਸਿਆ ਸੀ।
- ਸਟੋਰ 'ਤੇ ਪਹਿਲਾਂ ਕਦੇ ਵੀ ਡਕੈਤੀ ਨਹੀਂ ਹੋਈ ਸੀ।

# ਦੁਰਘਟਨਾ ਬਿਰਤਾਂਤ






**ਫੋਟੋ 1.** ਗੈਸ ਸਟੇਸ਼ਨ ਜਿੱਥੇ ਕਲਰਕ ਦੀ ਹੱਤਿਆ ਕੀਤੀ ਗਈ।.

# ਦੁਰਘਟਨਾ ਬਿਰਤਾਂਤ






**ਫੋਟੋ 2.** ਗੈਸ ਸਟੇਸ਼ਨ ਸੁਵਿਧਾ ਸਟੋਰ ਦਾ ਨੇੜੇ ਦਾ ਦ੍ਰਿਸ਼।

# ਦੁਰਘਟਨਾ ਬਿਰਤਾਂਤ




**ਫੋਟੋ 3.** ਫਰੰਟ ਦਰਵਾਜ਼ਾ ਜਿੱਥੋਂ ਦੀ ਲੁਟੇਰੇ ਸਟੋਰ ਦੇ ਅੰਦਰ ਵੜੇ।

# ਜ਼ਰੂਰਤਾਂ

- ਤੁਹਾਨੂੰ ਆਪਣੇ ਕਰਮਚਾਰੀਆਂ ਨੂੰ ਅਜਿਹੇ ਜਾਣੇ-ਪਛਾਣੇ ਖ਼ਤਰਿਆਂ ਤੋਂ ਰਹਿਤ ਇੱਕ ਕਾਰਜਸਥਾਨ ਪ੍ਰਦਾਨ ਕਰਨਾ ਚਾਹੀਦਾ ਹੈ ਜਿਨ੍ਹਾਂ ਕਰਕੇ ਗੰਭੀਰ ਸੱਟ ਜਾਂ ਮੌਤ ਹੋ ਸਕਦੀ ਹੈ ਜਾਂ ਹੋਣ ਦੀ ਸੰਭਾਵਨਾ ਹੁੰਦੀ ਹੈ। WAC 296-800-11005 ਵੇਖੋ

# ਸਿਫਾਰਿਸ਼ਾਂ

- ਇੱਕ ਲਿਖਤੀ APP ਦਾ ਵਿਕਾਸ ਕਰਨਾ ਚਾਹੀਦਾ ਹੈ ਜਿਸ ਵਿੱਚ ਐਮਰਜੈਂਸੀ ਅਤੇ ਡਕੈਤੀ ਵਾਲੀਆਂ ਸਥਿਤੀਆਂ, ਸ਼ੁਰੂਆਤੀ ਅਤੇ ਰਿਫਰੈਸ਼ਰ ਵਰਕਰ ਟ੍ਰੇਨਿੰਗ ਅਤੇ ਪ੍ਰੋਗਰਾਮ ਮੁਲਾਂਕਣ ਅਤੇ ਇਨਹਾਂਸਮੈਂਟ ਜ਼ਰੂਰਤਾਂ ਲਈ ਸਟੋਰ ਸੰਬੰਧਿਤ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ (SOP) ਨੀਤੀਆਂ ਵਾਲਾ ਕਾਰਜਸਥਾਨ ਦੁਰਘਟਨਾ ਰੋਕਥਾਮ ਪ੍ਰੋਗਰਾਮ ਹੋਵੇ।

- ਉਨ੍ਹਾਂ ਖ਼ਤਰਿਆਂ, ਪਰਿਸਥਿਤੀਆਂ, ਸੰਚਾਲਨਾਂ ਅਤੇ ਸਥਿਤੀਆਂ ਦੀ ਪਛਾਣ ਕਰਨ ਲਈ ਸਟੋਰ ਸੁਰੱਖਿਆ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਜੋ ਹਿੰਸਾ ਦਾ ਕਾਰਨ ਬਣ ਸਕਦੀਆਂ ਹਨ। ਜੇਕਰ ਸੰਭਵ ਹੋਵੇ, ਤਾਂ ਜੋਖਿਮਾਂ ਦਾ ਮੁਲਾਂਕਣ ਕਰਨ ਲਈ ਇੱਕ ਪ੍ਰਮਾਣਤ ਰੀਟੇਲ ਸਿਕਿਓਰਿਟੀ ਸਲਾਹਕਾਰ ਨੂੰ ਰੱਖਣਾ ਚਾਹੀਦਾ ਹੈ।

# ਸਿਫਾਰਿਸ਼ਾਂ

- ਅੱਧੀ ਰਾਤ ਨੂੰ ਰੀਟੇਲ ਦੀਆਂ ਦੁਕਾਨਾਂ ਵਿੱਚ ਕਾਰਜਸਥਾਨ ਦੁਰਘਟਨਾ ਰੋਕਥਾਮ ਪ੍ਰੋਗਰਾਮ ਲਈ OSHA ਦੀਆਂ ਸਿਫਾਰਿਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। (ਹੇਠਾਂ ਦਿੱਤਾ ਲਿੰਕ ਦੇਖੋ) ਇਕੱਲੇ ਕੰਮ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਸਟੋਰ ਲੇਆਊਟ, ਪਹੁੰਚ, ਲਾਈਟਿੰਗ, ਵੀਡੀਓ ਨਿਗਰਾਨੀ, ਕੈਸ਼ ਲਿਮਿਟ ਸਾਈਨੇਜ, ਕੈਸ਼ ਕੰਟਰੋਲ ਵਿਧੀਆਂ ਅਤੇ ਦੁਰਘਟਨਾ ਟ੍ਰੈਕਿੰਗ ਵਿੱਚ ਸੁਧਾਰ ਕਰਨਾ ਚਾਹੀਦਾ ਹੈ।

# ਸੰਸਾਧਨ

[ਅੱਧੀ ਰਾਤ ਨੂੰ ਰੀਟੇਲ ਦੀਆਂ ਦੁਕਾਨਾਂ ਵਿੱਚ ਕਾਰਜਸਥਾਨ ਦੁਰਘਟਨਾ ਰੋਕਥਾਮ ਪ੍ਰੋਗਰਾਮ ਲਈ ਸਿਫਾਰਿਸ਼ਾਂ]

ਵਿਵਸਾਇਕ ਸੁਰੱਖਿਆ ਅਤੇ ਸਿਹਤ ਪ੍ਰਬੰਧ (OSHA)

WASHINGTON State FACE Program
Fatality Assessment & Control Evaluation

# ਦੁਰਘਟਨਾ ਬਿਰਤਾਂਤ

*ਇਹ ਬਿਰਤਾਂਤ ਮਾਲਕਾਂ ਅਤੇ ਕਰਮਚਾਰੀਆਂ ਨੂੰ ਦੁਖਾਂਤਕ ਘਟਨਾਵਾਂ ਬਾਰੇ ਸਚੇਤ ਕਰਨ ਲਈ ਬਣਾਈ ਗਈ ਹੈ ਅਤੇ ਇਹ ਸਿਰਫ਼ ਸ਼ੁਰੂਆਤੀ ਅੰਕੜਿਆਂ ਉੱਤੇ ਅਧਾਰਿਤ ਹੈ ਅਤੇ ਦੁਰਘਟਨਾ ਦੀ ਪ੍ਰਕਿਰਤੀ ਅਤੇ ਸੱਟ ਦੇ ਕਾਰਨਾਂ ਦੇ ਸੰਬੰਧ ਵਿੱਚ ਅੰਤਮ ਨਿਰਨੇ ਨੂੰ ਨਹੀਂ ਦਰਸਾਉਂਦਾ ਹੈ।*

WA ਰਾਜ ਦੁਰਘਟਨਾ ਮੁਲਾਂਕਣ ਅਤੇ ਨਿਯੰਤਰਣ ਆਕਲਨ (WA FACE) ਪ੍ਰੋਗਰਾਮ ਅਤੇ ਵਿਵਸਾਇਕ ਸੁਰੱਖਿਆ ਅਤੇ ਸਿਹਤ ਵਿਭਾਗ (DOSH), WA ਰਾਜ ਮਜ਼ਦੂਰ ਅਤੇ ਉਦਯੋਗ ਵਿਭਾਗ ਵੱਲੋਂ ਵਿਕਸਤ। WA FACE ਨੂੰ ਵਿਵਸਾਇਕ ਸੁਰੱਖਿਆ ਅਤੇ ਸਿਹਤ ਲਈ ਰਾਸ਼ਟਰੀ ਸੰਸਥਾ (NIOSH grant# 5U60OH008487) ਵੱਲੋਂ ਕੁੱਝ ਗ੍ਰਾਂਟ ਦੇ ਕੇ ਸਮਰਥਨ ਪ੍ਰਦਾਨ ਕੀਤਾ ਗਿਆ ਹੈ। ਹੋਰ ਜਾਣਕਾਰੀ ਲਈ www.lni.wa.gov/safety-health/safety-research/ongoing-projects/work-related-fatalities-face 'ਤੇ ਜਾਓ।

ਰਿਪੋਰਟ #: **71-250-2024s-PU**

SHARP Safety & Health Assessment & Research for Prevention

Washington State Department of Labor & Industries